# ਮੁੱਢਲੇ ਸਾਲਾਂ ਦੌਰਾਨ ਮੁਲਾਂਕਣ- ਅਧਿਆਪਕ ਦੁਆਰਾ ਨਿਰਧਾਰਨ (ਈ.ਵਾਈ.ਈ.–ਟੀ.ਏ.)

## Early Years Evaluation-Teacher Assessment (EYE-TA)

### ਵਿਵਰਣ

ਮੁੱਢਲੇ ਗਰੇਡਾਂ (ਕਿੰਡਰਗਾਰਟਨ ਤੋਂ ਤੀਜੀ ਤੱਕ) ਵਿਚ ਪੜ੍ਹਨਾ (ਰੀਡਿੰਗ) ਸਿੱਖਣਾ ਇਕ ਜ਼ਰੂਰੀ ਧਿਆਨ ਕੇਂਦਰ ਹੈ। ਗਰੇਡ 3 ਤੱਕ, ਬੱਚਿਆਂ ਲਈ 'ਪੜ੍ਹਨਾ-ਸਿੱਖਣਾ' ਬਹੁਤ ਜ਼ਰੂਰੀ ਹੈ ਤਾਂ ਕਿ ਉਹ ਗੇਰਡ 4 ਵਿਚ ਜਾਂ ਉਸ ਤੋਂ ਅੱਗੇ 'ਸਿੱਖਣ-ਲਈ ਪੜ੍ਹਨ'। ਪਰ, ਕੈਨੇਡਾ ਅਤੇ ਯੂ ਐੱਸ ਏ ਵਿਚ ਤਕਰੀਬਨ 25% ਬੱਚਿਆਂ ਨੂੰ ਪੜ੍ਹਨਾ ਸਿੱਖਣ ਵਿਚ ਕਾਫੀ ਔਖਿਆਈ ਹੁੰਦੀ ਹੈ। ਜਦੋਂ ਇਹ ਬੱਚੇ ਚੌਥੀ ਵਿਚ ਜਾਂਦੇ ਹਨ, ਉਹ ਇਤਨਾ ਚੰਗਾ ਨਹੀਂ ਪੜ੍ਹ ਸਕਦੇ ਹੁੰਦੇ ਤਾਂ ਕਿ ਜੋ ਪੜ੍ਹਾਇਆ ਜਾ ਰਿਹਾ ਹੈ ਉਸ ਨੂੰ ਸਮਝ ਸਕਣ। ਸ਼ੁਰੂ ਦੇ ਗਰੇਡਾਂ ਵਿਚ ਬੱਚਿਆਂ ਨੂੰ ਪੜ੍ਹਨਾ ਸਿੱਖਣ ਵਿਚ ਮੁਸ਼ਕਲ ਦੇ ਕਈ ਕਾਰਨ ਹੁੰਦੇ ਹਨ ਅਤੇ ਇਸ ਦੇ ਅਸਰ ਮਾੜੇ ਹੁੰਦੇ ਹਨ; ਜਿਸ ਕਰ ਕੇ ਸਕੂਲ ਵਿਚਲੇ ਅਤੇ ਉਸ ਤੋਂ ਅਗਲੇ ਸਾਲਾਂ ਦੌਰਾਨ ਸਿੱਖਣ ਅਤੇ ਸਮਾਜਕ ਰਿਸ਼ਤਿਆਂ 'ਤੇ ਅਸਰ ਪਾਉਂਦੇ ਹਨ। ਖੋਜ ਨੇ ਮੁੱਢਲੇ ਹੁਨਰਾਂ ਦੇ ਵਿਕਾਸ ਦੇ ਮਹੱਤਵ ਦਾ, ਸਕੂਲ ਵਿਚ ਵਧੀਆ ਪ੍ਰਾਪਤੀਆਂ ਨਾਲ ਸਬੰਧ ਦਰਸਾਇਆ ਹੈ। ਕਿੰਡਰਗਾਰਟਨ ਵਿਚ ਹੀ ਅਸੀਂ ਬੱਚਿਆਂ ਦੀ ਪਛਾਣ ਕਰ ਸਕਦੇ ਹਾਂ ਜੋ ਕਿ ਉਚੇਰੀ ਅਕਾਦਮਿਕ ਸਿੱਖਿਆ ਲਈ ਵਾਧੂ ਸਹਾਇਤਾ ਤੋਂ ਬਹੁਤ ਫਾਇਦਾ ਲੈਣਗੇ। ਈ.ਵਾਈ.ਈ.-ਟੀ.ਏ. ਨਾਲ ਸਾਨੂੰ ਵਧੇਰੇ ਚੰਗੀ ਤਰ੍ਹਾਂ ਇਹ ਸਮਝਣ ਵਿਚ ਮਦਦ ਮਿਲੇਗੀ ਕਿ ਉਹ ਕਿਹੜੇ ਬੱਚੇ ਹਨ।

**ਕੌਣ:** ਈ.ਵਾਈ.ਈ.-ਟੀ.ਏ. ਕਿੰਡਰਗਾਰਟਨ ਦੇ 4 ਤੋਂ 6 ਸਾਲ ਦੇ ਬੱਚਿਆਂ ਲਈ ਹੁੰਦਾ ਹੈ।

**ਕੀ:** ਈ.ਵਾਈ.ਈ.-ਟੀ.ਏ. ਅਧਿਆਪਕਾਂ ਨੂੰ ਇਕ ਅਜਿਹੀ ਜਾਂਚ ਸੂਚੀ ਪ੍ਰਦਾਨ ਕਰਦਾ ਹੈ ਜਿਸ ਦੀ ਸਹਾਇਤਾ ਨਾਲ ਕਲਾਸ ਵਿਚਲੀਆਂ ਨੇਮਬੱਧ ਗਤੀਵਿਧੀਆਂ ਦੌਰਾਨ ਉਹ ਆਪਣੀ ਨਿਗਰਾਨੀ ਦਾ ਹਿਸਾਬ ਰੱਖ ਸਕਦੇ ਹਨ ਅਤੇ ਬੱਚਿਆਂ ਦਾ ਗੈਰ ਰਸਮੀ ਢੰਗ ਨਾਲ ਮੁਲਾਂਕਣ ਕਰ ਸਕਦੇ ਹਨ। ਅਧਿਆਪਕ ਔਨਲਾਈਨ (ਕੰਪਿਊਟਰ ਵਿਚ) ਹੀ ਜਾਣਕਾਰੀ ਭਰਦੇ ਹਨ ਅਤੇ ਸਾਰੀ ਜਾਣਕਾਰੀ ਕੋਡਾਂ ਵਿਚ ਹੁੰਦੀ ਹੈ ਅਤੇ ਇਸ ਨੂੰ ਬਹੁਤ ਹੀ ਜ਼ਿਆਦਾ ਗੁਪਤ ਢੰਗ ਨਾਲ ਸਾਂਭਿਆ ਜਾਂਦਾ ਹੈ।

### ਈ.ਵਾਈ.ਈ.–ਟੀ.ਏ. ਇਨ੍ਹਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ:

**ਆਪਣੀ ਅਤੇ ਮਾਹੌਲ ਦੀ ਜਾਣਕਾਰੀ** - ਬੱਚੇ ਦੀ ਆਪਣੇ ਸੰਸਾਰ ਬਾਰੇ ਸੋਚਣ ਅਤੇ ਗੱਲ ਕਰਨ ਦੀ ਯੋਗਤਾ ਅਤੇ ਘਰ ਅਤੇ ਭਾਈਚਾਰੇ ਦੇ ਅਨੁਭਵਾਂ ਨਾਲ ਸਬੰਧ ਸਥਾਪਤ ਕਰਨਾ।

**ਸਮਾਜਕ ਹੁਨਰਾਂ ਅਤੇ ਸਿੱਖਣ ਸਬੰਧੀ ਢੰਗ** - ਬੱਚਿਆਂ ਦਾ ਧਿਆਨ ਅਤੇ ਪਕਿਆਈ ਅਤੇ ਕੀ ਉਹ ਦੂਸਰਿਆਂ ਨਾਲ ਸਮਾਜਕ ਅਤੇ ਭਾਵਨਾਤਮਕ ਸਬੰਧਾਂ ਦੇ ਚਿੰਨ੍ਹ ਦਰਸਾਉਂਦੇ ਹਨ।

**ਬੋਧਿਕ ਹੁਨਰ** - ਸਮੱਸਿਆਵਾਂ ਨੂੰ ਹੱਲ ਕਰਨ ਦੀ ਯੋਗਤਾ, ਅਕਾਰਾਂ ਅਤੇ ਨਮੂਨਿਆਂ ਦੀ ਪਛਾਣ ਕਰਨਾ, ਹਿਸਾਬ ਦੀਆਂ ਮੂਲ ਕ੍ਰਿਆ ਪ੍ਰਣਾਲੀਆਂ ਦੀ ਸਮਝ, ਅਤੇ ਜ਼ਰੂਰੀ ਸਾਹਿਤਕ ਹੁਨਰ ਜਿਵੇਂ ਕਿ ਛਪੇ ਹੋਏ ਸ਼ਬਦਾਂ ਦੀ ਪਛਾਣ ਅਤੇ ਅੱਖਰਾਂ ਦੀ ਅਵਾਜ਼ ਦੀ ਪਛਾਣ।

**ਭਾਸ਼ਾ ਅਤੇ ਅਤੇ ਬੋਲਚਾਲ** - ਇਸ ਵਿਚ ਉਹ ਸ਼ਬਦ ਸ਼ਾਮਲ ਹਨ ਜੋ ਬੱਚੇ, ਦੂਸਰਿਆਂ ਦੁਆਰਾ ਬੋਲੇ ਜਾਣ 'ਤੇ ਸੁਣਦੇ ਹਨ ਅਤੇ ਇਸ ਤੋਂ ਇਲਾਵਾ ਦੂਸਰਿਆਂ ਸਾਹਮਣੇ ਆਪਣੇ ਵਿਚਾਰ ਅਤੇ ਭਾਵਨਾਵਾਂ ਰੱਖਣ ਦੀ ਕਾਬਲੀਅਤ।

**ਸਰੀਰਕ ਵਿਕਾਸ** - ਬਹੁਤ ਮਹੀਨ ਹੁਨਰ ਜਿਨ੍ਹਾਂ ਵਿਚ ਹੱਥਾਂ ਅਤੇ ਨਜ਼ਰ ਦੇ ਸੁਮੇਲ ਨਾਲ ਕੀਤੇ ਗਏ ਬਹੁਤ ਨਿੱਕੇ ਕੰਮ; ਅਤੇ ਨਿਗਰ ਗਤੀਕਾਰਕ ਹੁਨਰ ਜਿਨ੍ਹਾਂ ਵਿਚ ਬਾਹਾਂ, ਲੱਤਾਂ, ਅਤੇ ਸਰੀਰ ਨਾਲ ਵੱਡੀ ਹਿਲਜੁਲ ਸ਼ਾਮਲ ਹੈ।

### ਰਿਪੋਰਟਾਂ ਦੇਣੀਆਂ (Reporting)

ਈ.ਵਾਈ.ਈ.-ਟੀ.ਏ. ਕਲਾਸਰੂਮ ਰਿਪੋਰਟ ਅਤੇ ਹਰ ਇੱਕ ਬੱਚੇ ਦੀ ਜ਼ਾਤੀ ਰਿਪੋਰਟ ਦਿੰਦੀ ਹੈ। ਰਿਪੋਰਟਾਂ, ਹਰ ਖੇਤਰ ਦੀਆਂ ਉਦਾਹਰਣਾਂ ਦੇ ਕੇ ਹਰ ਵਿਕਾਸ ਖੇਤਰ ਬਾਰੇ ਦੱਸਦੀਆਂ ਹੈ, ਅਤੇ ਰੰਗਦਾਰ ਕੋਡ ਵਾਲੇ ਬਕਸੇ ਬੱਚੇ ਦੇ ਨਤੀਜੇ ਦਰਸਾਉਂਦੇ ਹਨ। ਤਿੰਨ ਰੰਗ ਦੇ ਰੰਗਦਾਰ ਕੋਡਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ: ਹਰਾ, ਪੀਲਾ, ਅਤੇ ਲਾਲ।

**ਰੰਗਾਂ ਦੇ ਕੋਡਾਂ ਦੀ ਵਿਆਖਿਆ:**

- (ਹਰਾ) ਸਹੀ ਵਿਕਾਸ
- (ਪੀਲਾ) ਵਿਕਾਸ ਵਿਚ ਕੁੱਝ ਮੁਸ਼ਕਲ
- (ਲਾਲ) ਵਿਕਾਸ ਵਿਚ ਬਹੁਤ ਮੁਸ਼ਕਲ

### ਮੈਨੂੰ ਮੇਰੇ ਬੱਚੇ ਦੀ ਰਿਪੋਰਟ ਮਿਲ ਗਈ ਹੈ –ਹੁਣ ਕੀ?

ਈ.ਵਾਈ.ਈ.-ਟੀ.ਏ. ਵਿਚਲੀ ਜਾਣਕਾਰੀ ਦਾ ਇਸਤੇਮਾਲ ਅਕਸਰ ਮੁਸ਼ਕਲ ਦਾ ਸਾਹਮਣਾ ਕਰ ਰਹੇ ਬੱਚਿਆਂ ਦੀ ਪਛਾਣ ਕਰਨ ਲਈ ਕੀਤੀ ਜਾਂਦਾ ਹੈ ਅਤੇ ਜਿਨ੍ਹਾਂ ਨੂੰ ਹੋਰ ਸਹਾਇਤਾ ਜਾਂ ਟੈਸਟਿੰਗ ਦੀ ਲੋੜ ਹੋ ਸਕਦੀ ਹੈ। ਅਧਿਆਪਕ ਈ.ਵਾਈ.ਈ. – ਟੀ.ਏ. ਦੇ ਨਤੀਜਿਆਂ ਦਾ ਇਸਤੇਮਾਲ ਮਾਪਿਆਂ ਜਾਂ ਕਈ ਵਿਸ਼ਿਆਂ ਵਾਲੀ ਟੀਮ (ਜਿਵੇਂ ਕਿ ਇਕ ਟੀਮ ਵਿਚ ਮਾਪੇ, ਕਲਾਸਰੂਮ ਟੀਚਰ, ਸਕੂਲ ਪ੍ਰਬੰਧਕ, ਅਤੇ ਸਬੰਧਤ ਵਿਸ਼ੇਸ਼ਗ ਸ਼ਾਮਲ ਹੁੰਦੇ ਹਨ) ਨਾਲ ਵਿਚਾਰ ਵਟਾਂਦਰੇ ਲਈ ਸ਼ੁਰੂਆਤ ਬਿੰਦੂ ਵਜੋਂ ਕਰਦੇ ਹਨ। ਹੋਰ ਮੁਲਾਂਕਣਾਂ ਨਾਲ, ਈ.ਵਾਈ.ਈ.-ਟੀ.ਏ. ਦੇ ਨਤੀਜੇ ਕਲਾਸਰੂਮ ਵਿਚ ਸਫਲਤਾ ਲਈ ਹਰ ਬੱਚੇ ਲਈ ਲੋੜੀਂਦੀ ਸਹਾਇਤਾ ਦੀ ਕਿਸਮ ਅਤੇ ਮਾਤਰਾ ਬਾਰੇ ਫੈਸਲਾ ਕਰਨ ਵਿਚ ਅਧਿਆਪਕਾਂ ਦੀ ਮਦਦ ਕਰਦੇ ਹਨ।

## ਈ.ਵਾਈ.ਈ.-ਟੀ.ਏ. ਦੀਆਂ ਵਿਸ਼ੇਸ਼ਤਾਵਾਂ ਅਤੇ ਫਾਇਦੇ

- ✓ ਸਕੂਲ ਦੇ ਸ਼ੁਰੂ ਵਿਚ, ਬੱਚਿਆਂ ਦੀਆਂ ਵਿਕਾਸ ਸਬੰਧੀ ਮਜ਼ਬੂਤੀਆਂ ਅਤੇ ਵਿਕਾਸ ਖੇਤਰਾਂ ਦੇ ਮੁਲਾਂਕਣ ਲਈ ਲਈ ਈ.ਵਾਈ.ਈ.-ਟੀ.ਏ. ਇਕ ਢਾਂਚਾ ਪ੍ਰਦਾਨ ਕਰਦਾ ਹੈ।
- ✓ ਈ.ਵਾਈ.ਈ.-ਟੀ.ਏ. ਦੁਆਰਾ ਹੁਨਰਾਂ ਦੇ ਕੀਤੇ ਗਏ ਮੁਲਾਂਕਣ, ਕਲਾਸ ਵਿਚ ਪੜ੍ਹਾਈ ਕਰਵਾਉਣ ਵਾਲੇ ਨੂੰ ਜਾਣਕਾਰੀ ਪ੍ਰਦਾਨ ਕਰਦੇ ਹਨ।
- ✓ ਸਕੂਲ ਵਿਚ ਬੱਚਿਆਂ ਦੀ ਸਿੱਖਣ ਲਈ ਇੱਛਾ ਨਾਲ ਨੇੜਲੇ ਸਬੰਧਾ ਵਾਲੇ ਪੰਜ ਖੇਤਰਾਂ ਦਾ ਈ.ਵਾਈ.ਈ.-ਟੀ.ਏ. ਮੁਲਾਂਕਣ ਕਰਦਾ ਹੈ।
- ✓ ਔਨਲਾਈਨ ਡਾਟਾ ਐਂਟਰੀ (ਇੰਟਰਨੈੱਟ ਦੁਆਰਾ ਆਂਕੜੇ ਭਰਨਾ) ਅਧਿਆਪਕਾਂ ਅਤੇ ਸਕੂਲਾਂ ਨੂੰ ਤੁਰੰਤ, ਬਹੁ-ਸਤਰੀ ਰਿਪੋਰਟਿੰਗ ਪ੍ਰਦਾਨ ਕਰਦੀ ਹੈ।

www.earlyyearsevaluation.com

ਜਾਤੀ ਜਾਣਕਾਰੀ, ਸਕੂਲ ਅਧਿਨਿਯਮ, ਸਟੂਡੈਂਟ, ਰਿਕਾਰਡ ਰੈਗੂਲੇਸ਼ਨ ਅਤੇ ਐਲਬਰਟਾ ਫਰੀਡਮ ਆਫ ਇਨਫਾਰਮੇਸ਼ਨ ਐਂਡ ਪਰੋਟੈਕਸ਼ਨ ਆਫ ਪਰਇਵੇਸੀ ਐਕਟ (ਐੱਫ. ਓ. ਆਈ. ਪੀ) ਦੇ ਤਹਿਤ ਇਕੱਠੀ ਕੀਤੀ ਜਾਂਦੀ ਹੈ। ਇਸ ਜਾਣਕਾਰੀ ਦਾ ਇਸਤੇਮਾਲ ਪੜ੍ਹਾਈ ਸਬੰਧੀ ਪ੍ਰੋਗਰਾਮਾਂ ਦੇ ਫੈਸਲਿਆਂ ਲਈ ਸੇਧ ਹਾਸਲ ਕਰਨ ਲਈ ਕੀਤਾ ਜਾਏਗਾ। ਇਸ ਦਾ ਇਸਤੇਮਾਲ ਐੱਫ. ਓ. ਆਈ. ਪੀ. ਦੇ ਜਾਣਕਾਰੀ ਗੁਪਤ ਰੱਖਣ ਵਾਲੇ ਸੁਰੱਖਿਆ ਵਿਧਾਨਾਂ ਅਨੁਸਾਰ ਕੀਤਾ ਜਾਏਗਾ।

ਅਗਰ ਤੁਹਾਡੇ ਜਾਣਕਾਰੀ ਇਕੱਠਾ ਕਰਨ, ਇਸਦੇ ਸੰਭਾਵਿਤ ਇਸਤੇਮਾਲ ਜਾਂ ਈ.ਵਾਈ.ਈ.-ਟੀ.ਏ. ਸਬੰਧੀ ਕੋਈ ਸਵਾਲ ਹਨ ਤਾਂ ਕ੍ਰਿਪਾ ਕਰ ਕੇ ਹੇਠਾਂ ਦਿੱਤੇ ਟੈਲੀਫੋਨ ਨੰਬਰ 'ਤੇ ਇਨ੍ਹਾਂ ਨਾਲ ਸੰਪਰਕ ਕਰੋ:


ਅਰਲੀ ਲਰਨਿੰਗ (ਮੁਢਲੀ ਸਿੱਖਿਆ), ਲਰਨਿੰਗ ਸਰਵਿਸਿਜ਼ (ਸਿੱਖਿਆ ਸੇਵਾਵਾਂ)

ਕੈਲਗਰੀ ਬੋਰਡ ਆਫ ਐਜੂਕੇਸ਼ਨ

(403) 817-7612


Calgary Board of Education

# ਮੁੱਢਲੇ ਸਾਲਾਂ ਦੌਰਾਨ ਮੁਲਾਂਕਣ

## (Early Years Evaluation)

ਸਤੰਬਰ 2011 ਤੋਂ ਕੈਲਗਰੀ ਬੋਰਡ ਆਫ ਐਜੂਕੇਸ਼ਨ ਦੇ ਕਿੰਡਰਗਾਰਟਨ ਦੇ ਅਧਿਆਪਕ ਕਿੰਡਰਗਾਰਟਨ ਦੇ ਬੱਚਿਆ ਨਾਲ ਇਕ ਵਿਕਾਸ ਸਬੰਧੀ ਸਕਰੀਨਿੰਗ ਟੂਲ (ਪਰੀਖਣ ਸਾਧਨ) ਦਾ ਇਸਤੇਮਾਲ ਕਰਨਗੇ। ਕੇ.ਐੱਸ. ਆਈ. ਰਿਸਰਚ ਇੰਟਰਨੈਸ਼ਨਲ ਇੰਕ., ਦੁਆਰਾ ਵਿਕਸਤ ਅਰਲੀ ਈਅਰਜ਼ ਇਵੈਲੂਏਸ਼ਨ ਟੀਚਰ ਅਸੈੱਸਮੈਂਟ (ਈ.ਵਾਈ.ਈ.-ਟੀ.ਏ.){ਮੁੱਢਲੇ ਸਾਲਾਂ ਦੌਰਾਨ ਮੁਲਾਂਕਣ- ਅਧਿਆਪਕ ਦੁਆਰਾ ਨਿਰਧਾਰਨ}, ਮਾਪਿਆਂ, ਅਧਿਆਪਕਾਂ ਅਤੇ ਸਕੂਲਾਂ ਨੂੰ ਬੱਚਿਆਂ ਦੇ ਮੱਢਲੇ ਵਿਕਾਸ ਹੁਨਰਾਂ ਪ੍ਰਤੀ ਸਹੀ ਅਤੇ ਅਰਥ ਭਰਪੂਰ ਜਾਣਕਾਰੀ ਪ੍ਰਦਾਨ ਕਰਦਾ ਹੈ। ਇਕੱਠੀ ਕੀਤੀ ਗਈ ਜਾਣਕਾਰੀ, ਤੁਹਾਡੇ ਬੱਚੇ ਨੂੰ ਘਰ ਤੋਂ ਸਕੂਲ ਜਾਣ ਵਾਲੀ ਤਬਦੀਲੀ ਲਈ ਸਕਾਰਾਤਮਕ ਸਹਾਰਾ ਪ੍ਰਦਾਨ ਕਰਨ, ਵਿਚ ਮਦਦ ਕਰੇਗੀ ਅਤੇ ਅਧਿਆਪਕਾਂ ਦੀ ਸਬਕਾਂ ਦੀ ਸਿਰਜਨਾ ਅਤੇ ਪੜ੍ਹਾਈ ਦੇ ਦੌਰਾਨ ਸਹਾਇਤਾ ਪਰਦਾਨ ਕਰਨ ਵਿਚ ਮਦਦ ਕਰੇਗੀ